# ਅਦਾਲਤ ਵਿਚ ਪੇਸ਼ ਹੋਣਾ - ਇੱਕ ਸੰਖੇਪ ਗਾਈਡ

Scottish Court Service

**ਵਿਸ਼ਾ-ਵਸਤੂ**


What is the Scottish Court Service? (ਸਕੌਟਿਸ਼ ਕੋਰਟ ਸਰਵਿਸ ਕੀ ਹੈ?)
Finding your local court (ਆਪਣੀ ਸਥਾਨਕ ਅਦਾਲਤ ਲੱਭਣਾ)
Attending a criminal court (ਫ਼ੌਜਦਾਰੀ ਅਦਾਲਤ ਵਿਚ ਪੇਸ਼ ਹੋਣਾ)
Attending a civil court (ਦਿਵਾਨੀ ਅਦਾਲਤ ਵਿਚ ਪੇਸ਼ ਹੋਣਾ)
Guidance on coming to court (ਅਦਾਲਤ ਲਈ ਆਉਣ ਬਾਰੇ ਸੇਧ)
A glossary of legal terms (ਕਾਨੂੰਨੀ ਸ਼ਬਦਾਂ ਦੀ ਪਰਿਭਾਸ਼ਕ ਸ਼ਬਦਾਵਲੀ)
SCS Court Users' Charter (SCS ਕੋਰਟ ਦੀ ਵਰਤੋਂ ਕਰਨ ਵਾਲਿਆਂ ਦਾ ਚਾਰਟਰ)
Providing feedback or making a complaint (ਰਾਇ (ਫ਼ੀਡਬੈਕ) ਦੇਣਾ ਜਾਂ ਸ਼ਿਕਾਇਤ ਕਰਨੀ)


## ਸਕੌਟਿਸ਼ ਕੋਰਟ ਸਰਵਿਸ ਕੀ ਹੈ?

Scottish Court Service (SCS) ਸਕਾੱਟਲੈਂਡ ਵਿਚਲੀਆਂ ਅਦਾਲਤਾਂ ਦੀ ਦਿਨ-ਬ-ਦਿਨ ਦੀਆਂ ਕਾਰਵਾਈਆਂ ਅਤੇ ਪਬਲਿਕ ਗਾਰਜੀਅਨ ਦਾ ਦਫ਼ਤਰ ਚਲਾਉਣ ਲਈ ਜ਼ਿੰਮੇਵਾਰ ਇੱਕ ਖ਼ੁਦਮੁਖ਼ਤਾਰ, ਕਾਨੂੰਨੀ ਸੰਸਥਾ ਹੈ।

ਸਕੌਟਿਸ਼ ਕੋਰਟ ਸੇਵਾ ਵਲੋਂ ਉਪਲਬਧ ਸੇਵਾ ਨਿਰਪੱਖ, ਜਾਤ, ਨਸਲੀ ਮੂਲ, ਉਮਰ, ਲਿੰਗ, ਧਾਰਮਿਕ ਆਸਥਾਵਾਂ, ਜਿਨਸੀ ਰੁਝਾਨ ਜਾਂ ਅਪੰਗਤਾ ਨੂੰ ਧਿਆਨ ਵਿਚ ਰਖੇ ਬਿਨਾ ਹੋਏਗੀ।

ਜਿਹਨਾਂ ਮਿਆਰਾਂ ਦੀ ਤੁਸੀਂ ਸਾਡੇ ਤੋਂ ਉਮੀਦ ਕਰ ਸਕਦੇ ਹੋ, ਉਹਨਾਂ ਨੂੰ ਸਾਡੇ Court Users Charter ਵਿਚ ਤਿਆਰ ਕੀਤਾ ਗਿਆ ਹੈ।

## ਆਪਣੀ ਸਥਾਨਕ ਅਦਾਲਤ ਲੱਭਣਾ

ਤੁਸੀਂ ਸਾਡੀ ਵੈਬਸਾਈਟ www.scotcourts.gov.uk/locations/index.asp 'ਤੇ ਸਾਡੀਆਂ ਸਾਰੀਆਂ ਅਦਾਲਤਾਂ ਲਈ ਥਾਵਾਂ ਦੇ ਨਾਲ ਸੰਪਰਕ ਵੇਰਵੇ, ਖੁੱਲ੍ਹਣ ਦੇ ਸਮਿਆਂ, ਸਹੂਲਤਾਂ ਅਤੇ ਸਥਾਨਕ ਜਾਣਕਾਰੀ ਲਭ ਸਕਦੇ ਹੋ।

ਆਪਣੀ ਵਿਜ਼ਿਟ, ਵਿਸ਼ੇਸ਼ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ ਵੇਲੇ, ਜੇ ਤੁਹਾਨੂੰ ਕਿਸੇ ਵਿਸ਼ੇਸ਼ ਸਹਾਇਤਾ ਦੀ ਲੋੜ ਹੈ, ਬਾਰੇ ਵਿਸ਼ੇਸ਼ ਜਾਣਕਾਰੀ ਲਈ ਤੁਹਾਨੂੰ ਆਪਣੀ ਸਥਾਨਕ ਅਦਾਲਤ ਨਾਲ ਸੰਪਰਕ ਕਰਨ ਦੀ ਲੋੜ ਪੈ ਸਕਦੀ ਹੈ। ਆਮ ਤੌਰ 'ਤੇ ਅਦਾਲਤਾਂ ਪਬਲਿਕ ਦੇ ਮੈਂਬਰਾਂ ਲਈ ਖੁੱਲ੍ਹੀਆਂ ਹੁੰਦੀਆਂ ਹਨ, ਪਰ ਕਈ ਵਾਰੀ ਅਜਿਹੇ ਸਮੇਂ ਹੁੰਦੇ ਹਨ, ਜਦੋਂ ਇੰਜ ਸੰਭਵ ਨਹੀਂ ਹੁੰਦਾ ਅਤੇ ਜੇ ਤੁਸੀਂ ਇੱਕ ਵਿਸ਼ੇਸ਼ ਕੇਸ ਵਿਚ ਪੇਸ਼ ਹੋਣ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਨੂੰ ਪਹਿਲਾਂ ਤੋਂ ਪਤਾ ਲਾ ਲੈਣਾ ਚਾਹੀਦਾ ਹੈ।

ਹੋਰ ਜਾਣਕਾਰੀ ਉਪਲਬਧ ਹੈ, ਜੇ ਤੁਸੀਂ ਇਹਨਾਂ ਵਜੋਂ ਅਦਾਲਤ ਵਿਚ ਪੇਸ਼ ਹੋ ਰਹੇ ਹੋ:

- Juror (ਜਿਊਰਰ)
- Witness (ਗੁਆਹ)
- Victim of Crime (ਜੁਰਮ ਦਾ ਸ਼ਿਕਾਰ)

ਅਦਾਲਤ ਲਈ ਸਮੂਹਾਂ ਅਤੇ ਸਕੂਲਾਂ ਵਲੋਂ ਦੌਰਾ ਕੀਤੇ ਜਾਣ ਲਈ ਸ਼ੈਰਿਫ਼ ਕਲਰਕ ਨਾਲ ਸੰਪਰਕ ਕਰਕੇ ਪਹਿਲਾਂ ਤੋਂ ਹੀ ਜ਼ਰੂਰ ਪ੍ਰਬੰਧ ਕਰਨਾ ਚਾਹੀਦਾ ਹੈ।

## ਫ਼ੌਜਦਾਰੀ ਅਦਾਲਤ ਵਿਚ ਪੇਸ਼ ਹੋਣਾ

### ਕੇਸ ਦੀ ਸੁਣਵਾਈ ਕਿਥੇ ਹੋਏਗੀ?

ਸਕਾੱਟਲੈਂਡ ਵਿਚ ਚਾਰ ਅਦਾਲਤਾਂ ਹਨ, ਜਿਥੇ ਫ਼ੌਜਦਾਰੀ ਕੇਸਾਂ ਦੀ ਸੁਣਵਾਈ ਹੋ ਸਕਦੀ ਹੈ।

- High Court ਬਲਾਤਕਾਰ ਅਤੇ ਕਤਲ ਦੇ ਸਾਰੇ ਕੇਸਾਂ ਸਮੇਤ ਸਭ ਤੋਂ ਗੰਭੀਰ ਕੇਸਾਂ ਦੀ ਸੁਣਵਾਈ ਕਰਦੀ ਹੈ। ਕੈਦ ਦੀ ਸਜ਼ਾ ਦੀ ਮਿਆਦ, ਜਾਂ ਕਿਸੇ ਵੀ ਜੁਰਮਾਨੇ ਦੀ ਰਕਮ ਦੀ ਕੋਈ ਸੀਮਾ ਨਹੀਂ ਹੈ, ਜੋ ਕਿ ਹਾਈ ਕੋਰਟ ਲਾ ਸਕਦੀ ਹੈ। *ਹਾਈ ਕੋਰਟ ਵਿਜ਼ਿਟ ਬਾਰੇ ਹੋਰ ਜਾਣਕਾਰੀ ਲਈ www.scotcourts.gov.uk/justiciary/just_office.asp ਵੇਖੋ।*

- Sheriff Court ਹੋਰ ਸਾਰੇ ਫ਼ੌਜਦਾਰੀ ਕੇਸਾਂ ਦੀ ਸੁਣਵਾਈ ਕਰ ਸਕਦੀ ਹੈ। ਇਹਨਾਂ ਕੇਸਾਂ ਨਾਲ ਸੌਲਮਨ ਅਮਲ ਜਾਂ ਸਮਰੀ ਅਮਲ ਰਾਹੀਂ ਨਜਿੱਠਿਆ ਜਾ ਸਕਦਾ ਹੈ। ਸੌਲਮਨ ਅਮਲ ਵਿਚ, ਅਦਾਲਤ ਦੋਸ਼ੀ ਨੂੰ ਪੰਜ ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾ ਸਕਦੀ ਹੈ ਜਾਂ ਕਿਸੇ ਵੀ ਰਕਮ ਦਾ ਜੁਰਮਾਨਾ ਲਾ ਸਕਦੀ ਹੈ। ਸਮਰੀ ਅਮਲ ਵਿਚ, ਅਦਾਲਤ ਦੋਸ਼ੀ ਨੂੰ ਵੱਧ ਤੋਂ ਵੱਧ ਬਾਰਾਂ ਸਾਲ ਤੱਕ ਦੀ ਸਜ਼ਾ ਸੁਣਾ ਸਕਦੀ ਹੈ ਜਾਂ ਵੱਧ ਤੋਂ ਵੱਧ £10,000 ਦਾ ਜੁਰਮਾਨਾ ਲਾ ਸਕਦੀ ਹੈ।
  *ਹਾਈ ਕੋਰਟ ਵਿਜ਼ਿਟ ਬਾਰੇ ਹੋਰ ਜਾਣਕਾਰੀ ਲਈ www.scotcourts.gov.uk/sheriff/index.asp ਵੇਖੋ।*

- ਸਕਾੱਟਲੈਂਡ ਵਿਚ, ਗਲਾਸਗੋ ਵਿਖੇ ਇੱਕ ਸਟਾਈਪੈਂਡਰੀ ਮਜਿਸਟ੍ਰੇਟ'ਸ ਅਦਾਲਤ ਹੈ। ਸਟਾਈਪੈਂਡਰੀ ਮਜਿਸਟ੍ਰੇਟ ਦੋਸ਼ੀ ਨੂੰ ਇੱਕ ਸਾਲ ਦੇ ਸਮੇਂ ਤੱਕ ਦੀ ਕੈਦ ਦੀ ਸਜ਼ਾ ਸੁਣਾ ਸਕਦਾ ਹੈ ਜਾਂ ਵੱਧ ਤੋਂ ਵੱਧ £10,000 ਦਾ ਜੁਰਮਾਨਾ ਲਾ ਸਕਦਾ ਹੈ।

- Justice of the Peace Court ਛੋਟੇ ਸਮਰੀ ਕੇਸਾਂ ਦੀ ਸੁਣਵਾਈ ਕਰਦੀ ਹੈ। ਜਸਟਿਸ ਆੱਫ਼ ਦਿ ਪੀਸ ਦੋਸ਼ੀ ਨੂੰ ਸੱਠ ਦਿਨਾਂ ਤੱਕ ਦੀ ਕੈਦ ਦੀ ਸਜ਼ਾ ਸੁਣਾ ਸਕਦੀ ਹੈ ਜਾਂ £2500 ਤੱਕ ਦਾ ਜੁਰਮਾਨਾ ਲਾ ਸਕਦੀ ਹੈ।
  *ਹਾਈ ਕੋਰਟ ਵਿਜ਼ਿਟ ਬਾਰੇ ਹੋਰ ਜਾਣਕਾਰੀ ਲਈ www.scotcourts.gov.uk/district/index.asp ਵੇਖੋ।*

ਸਰਕਾਰੀ ਵਕੀਲ ਫ਼ੈਸਲਾ ਕਰਦਾ ਹੈ ਕਿ ਕਿਸ ਅਦਾਲਤ ਵਿਚ ਕੇਸ ਦੀ ਸੁਣਵਾਈ ਹੋਏਗੀ। ਆਮ ਤੌਰ 'ਤੇ ਸ਼ੈਰਿਫ਼ ਅਦਾਲਤ, ਜਸਟਿਸ ਆੱਫ਼ ਦਿ ਪੀਸ ਜਾਂ ਸਟਾਈਪੈਂਡਰੀ ਮਜਿਸਟ੍ਰੇਟਸ ਦੀ ਅਦਾਲਤ ਵਿਚਲੇ ਕੇਸ ਜੁਰਮ ਹੋਣ ਵਾਲੀ ਥਾਂ ਦੇ ਸਭ ਤੋਂ ਨੇੜੇ ਦੀ ਅਦਾਲਤ ਵਿਚ ਚੱਲਦੇ ਹਨ। ਹਾਈ ਕੋਰਟ ਵਿਚਲੇ ਕੇਸਾਂ ਦੀ ਆਮ ਤੌਰ 'ਤੇ ਐਡਿਨਬਰਾ ਜਾਂ ਗਲਾਸਗੋ ਜਾਂ ਅਬਰਡੀਨ ਵਿਚ ਇਸ ਕੰਮ ਲਈ ਨਿਸ਼ਚਿਤ ਥਾਵਾਂ ਦੇ ਅੰਦਰ ਅੰਦਰ ਹਾਈ ਕੋਰਟ ਦੀਆਂ ਇਮਾਰਤਾਂ ਵਿਚ ਸੁਣਵਾਈ ਹੁੰਦੀ ਹੈ। ਵਿਹਾਰਕ ਤੌਰ 'ਤੇ ਹਾਈ ਕੋਰਟ ਜੁਰਮ ਵਾਪਰਣ ਵਾਲੀ ਥਾਂ ਦੇ ਨੇੜੇ ਦੇ ਕਸਬੇ ਜਾਂ ਸ਼ਹਿਰ ਵਿਚਲੀ ਢੁਕਵੀਂ ਸ਼ੈਰਿਫ਼ ਕੋਰਟ ਦੀ ਅਦਾਲਤ ਵਿਚ ਵੀ ਬਹਿ ਸਕਦੀ ਹੈ।
*ਸਕਾੱਟਲੈਂਡ ਵਿਚ ਕ੍ਰਾਊਨ ਆੱਫ਼ਿਸ ਅਤੇ ਸਰਕਾਰੀ ਵਕੀਲ ਸੇਵਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ www.copfs.gov.uk ਵੇਖੋ।*

## ਫ਼ੌਜਦਾਰੀ ਅਦਾਲਤ ਵਿਚਲਾ ਅਮਲ

**ਅਦਾਲਤ ਵਿਚਲੇ ਮਹਤੱਵਪੂਰਣ ਵਿਅਕਤੀ?**

- **ਜੱਜ, ਸ਼ੈਰਿਫ਼, ਜਸਟਿਸ ਆੱਫ਼ ਦਿ ਪੀਸ**

ਜੱਜ, ਸ਼ੈਰਿਫ਼ ਜਾਂ ਜਸਟਿਸ ਆੱਫ਼ ਦਿ ਪੀਸ ਯਕੀਨੀ ਬਣਾਉਂਦਾ ਹੈ ਕਿ ਕਾਨੂੰਨ ਦੀ ਪਾਲਣਾ ਕੀਤੀ ਗਈ ਹੈ ਅਤੇ ਦੋਸ਼-ਸਿੱਧੀ ਮਗਰੋਂ ਦੋਸ਼ੀ ਨੂੰ ਸਜ਼ਾ ਸੁਣਾਉਣ ਲਈ ਜ਼ਿੰਮੇਵਾਰ ਹੈ।

ਜੱਜ, ਸ਼ੈਰਿਫ਼ ਜਾਂ ਜਸਟਿਸ ਆੱਫ਼ ਦਿ ਪੀਸ ਉਚੀ ਕੀਤੀ ਹੋਈ ਥਾਂ, ਜਿਸ ਨੂੰ ਆਮ ਤੌਰ 'ਤੇ ਬੈਂਚ ਵਜੋਂ ਜਾਣਿਆ ਜਾਂਦਾ ਹੈ 'ਤੇ ਅਦਾਲਤ ਦੇ ਕਮਰੇ ਵਿਚ ਬਹਿੰਦਾ ਹੈ।

ਜੱਜ ਜਾਂ ਸ਼ੈਰਿਫ਼ ਕੇਸ ਦੀ ਗੰਭੀਰਤਾ ਅਤੇ ਅਪਣਾਏ ਜਾ ਰਹੇ ਅਮਲ ਨੂੰ ਵੇਖਦਿਆਂ ਜਿਊਰੀ ਜਾਂ ਬਿਨਾ ਜਿਊਰੀ ਦੇ ਬਹਿ ਸਕਦਾ ਹੈ।

- **ਸਰਕਾਰੀ ਵਕੀਲ**

ਅਦਾਲਤ ਦੇ ਕਮਰੇ ਵਿਚ ਸਰਕਾਰੀ ਵਕੀਲ ਜੁਰਮ ਦਾ ਦੋਸ਼ ਲਾਏ ਗਏ ਵਿਅਕਤੀ ਵਿਰੁਧ ਕੇਸ ਵਿਚ ਸਬੂਤ ਪੇਸ਼ ਕਰਦਾ ਹੈ। ਇਹ ਕੰਮ ਹਾਈ ਕੋਰਟ ਵਿਚ ਨਿਯੁਕਤ ਕੀਤੇ ਗਏ ਲਾੱਰਡ ਐਡਵੋਕੇਟ ਜਾਂ ਐਡਵੋਕੇਟ ਵਲੋਂ ਕੀਤਾ ਜਾਂਦਾ ਹੈ। ਸਥਾਨਕ ਸਰਕਾਰੀ ਵਕੀਲ ਜਾਂ ਇੱਕ ਨਿਯੁਕਤ ਕੀਤਾ ਗਿਆ ਵਕੀਲ ਸ਼ੈਰਿਫ਼ ਦੀ ਅਦਾਲਤ ਅਤੇ ਜਸਟਿਸ ਆੱਫ਼ ਪੀਸ ਕੋਰਟ ਵਿਚ ਇੰਜ ਕਰਦਾ ਹੈ।

- **ਦੋਸ਼ੀ**

ਉਹ ਵਿਅਕਤੀ, ਜਿਸ 'ਤੇ ਜੁਰਮ ਕਰਨ ਦਾ ਦੋਸ਼ ਲੱਗਿਆ ਹੁੰਦਾ ਹੈ, ਨੂੰ ਆਮ ਕਰਕੇ ''ਦੋਸ਼ੀ'' ਵਜੋਂ ਜਾਣਿਆ ਜਾਂਦਾ ਹੈ।

- **ਦੋਸ਼ੀ ਦਾ ਵਕੀਲ**

ਦੋਸ਼ੀ ਵਿਅਕਤੀ ਅਦਾਲਤ ਵਿਚ ਆਪਣੇ ਆਪ ਦੀ ਨੁਮਾਇੰਦਗੀ ਕਰ ਸਕਦਾ ਹੈ ਜਾਂ ਆਪਣੀ ਨੁਮਾਇੰਦਗੀ ਲਈ ਇੱਕ ਵਕੀਲ ਨੂੰ ਨਾਮਜ਼ਦ ਕਰ ਸਕਦਾ ਹੈ। ਦੋਸ਼ੀ ਦਾ ਵਕੀਲ ਆਮ ਕਰਕੇ ਬੈਂਚ ਵਲ ਮੂੰਹ ਕਰਕੇ ਸਰਕਾਰੀ ਵਕੀਲ ਅਤੇ ਐਲਮਤ ਨਾਲ ਅਦਾਲਤ ਦੇ ਐਨ ਵਿਚਕਾਰ ਬਹਿੰਦਾ ਹੈ।

- **ਅਦਾਲਤ ਦੇ ਅਫ਼ਸਰ**

ਐਲਮਤ (ਕਲਰਕ ਆੱਫ਼ ਕੋਰਟ), ਜੋ ਕਿ ਸਕਾੱਟਿਸ਼ ਕੋਰਟ ਸਰਵਿਸ (SCS) ਦਾ ਮੁਲਾਜ਼ਮ ਹੈ, ਕੇਸ ਲਈ ਅਵਾਜ਼ ਲਾਉਂਦਾ ਹੈ, ਅਦਾਲਤ ਦੀਆਂ ਕਾਰਵਾਈਆਂ ਦਾ ਰਿਕਾੱਰਡ ਰਖਦਾ ਹੈ ਅਤੇ ਅਦਾਲਤ ਦੇ ਅਮਲਾਂ ਬਾਰੇ ਸਲਾਹ ਦਿੰਦਾ ਹੈ। ਪਰ ਸ਼ੈਰਿਫ਼ ਦੀ ਅਦਾਲਤ ਜਾਂ ਹਾਈ ਕੋਰਟ ਵਿਚਲਾ ਕਲਰਕ, ਜੋ ਕਿ ਆਮ ਤੌਰ 'ਤੇ ਅਦਾਲਤ ਦੇ ਕਮਰੇ ਵਿਚ ਜੱਜ ਦੇ ਸਾਹਮਣੇ ਵਾਲੀ ਮੇਜ਼ 'ਤੇ ਬਹਿੰਦਾ ਹੈ, ਕਾਨੂੰਨੀ ਤੌਰ 'ਤੇ ਯੋਗਤਾਪ੍ਰਾਪਤ ਨਹੀਂ ਹੁੰਦਾ ਅਤੇ ਕਾਨੂੰਨੀ ਸਲਾਹ ਨਹੀਂ ਦੇ ਸਕਦਾ। ਐਲਮਤ ਕਿਸੇ ਵੀ ਸਬੰਧਿਤ ਦਸਤਾਵੇਜ਼ ਨੂੰ ਜਾਰੀ ਕਰੇਗਾ ਅਤੇ ਦਸਤਖ਼ਤ ਕਰੇਗਾ, ਜਿਸ ਵਿਚ ਦੋਸ਼ੀ ਨੂੰ ਜੇਲ੍ਹ ਭੇਜਣ ਜਾਂ ਰਿਹਾ ਕਰਨ ਸਬੰਧੀ ਅਖ਼ਤਿਆਰ ਸ਼ਾਮਿਲ ਹੁੰਦੇ ਹਨ।

ਜਸਟਿਸ ਆੱਫ਼ ਦਿ ਪੀਸ ਕੋਰਟਸ ਵਿਚਲਾ ਐਲਮਤ ਵੀ SCS ਦਾ ਮੁਲਾਜ਼ਮ ਕਾਨੂੰਨੀ ਤੌਰ 'ਤੇ ਯੋਗਤਾਪ੍ਰਾਪਤ ਹੁੰਦਾ ਹੈ, ਅਤੇ ਸ਼ੈਰਿਫ਼ ਦੀ ਅਦਾਲਤ ਦੇ ਐਲਮਤ ਵਾਂਗ ਉਹੋ ਜਿਹੇ ਕੰਮ ਸਿਰੇ ਚਾੜ੍ਹਦਾ ਹੈ। ਇਸ ਤੋਂ ਅਲਾਵਾ ਉਹ ਮੁਕਦਮਿਆਂ ਵਿਚ ਸਬੂਤ ਰਿਕਾੱਰਡ ਕਰਦਾ ਹੈ ਅਤੇ ਦੋਸ਼-ਸਿੱਧੀ ਤੋਂ ਪਹਿਲਾਂ ਅਤੇ ਬਾਅਦ ਦੋਹਾਂ ਲਈ ਜਸਟਿਸ ਨੂੰ ਸਲਾਹ ਦੇ ਸਕਦਾ ਹੈ।

ਕੋਰਟ ਅਫ਼ਸਰ, ਜਾਂ ਹਾਈ ਕੋਰਟ ਵਿਚਲਾ ਅਸਾ-ਬਰਦਾਰ ਅਦਾਲਤ ਦੇ ਕਮਰੇ ਵਿਚ ਦੋਸ਼ੀ ਅਤੇ ਕਿਸੇ ਵੀ ਗੁਆਹ ਨੂੰ ਬੁਲਾਉਂਦਾ ਹੈ ਅਤੇ ਇਹ ਅਫ਼ਸਰ ਦੋਸ਼ੀ ਨੂੰ ਦੱਸੇਗਾ ਕਿ ਉਸਨੇ ਕਿਥੇ ਬਹਿਣਾ ਜਾਂ ਖੜ੍ਹੇ ਹੋਣਾ ਹੈ ਅਤੇ ਅਦਾਲਤ ਦੇ ਕਮਰੇ ਵਿਚ ਮਾਹੌਲ ਨੂੰ ਠੀਕ ਰਖਣ ਵਿਚ ਮਦਦ ਕਰਨਾ ਹੈ।

## ਫ਼ੌਜਦਾਰੀ ਅਦਾਲਤ ਦੇ ਅਮਲ

### ਦਲੀਲ ਦੇਣੀ

ਕੇਸ ਦੇ ਸ਼ੁਰੂ ਵਿਚ ਦੋਸ਼ੀ ਨੂੰ ਜਿਸ ਦੋਸ਼ ਜਾਂ ਦੋਸ਼ਾਂ ਦਾ ਉਹ ਸਾਹਮਣਾ ਕਰ ਰਿਹਾ ਹੁੰਦਾ ਹੈ, ਦਾ ਜਵਾਬ ਦੇਣ ਲਈ ਕਿਹਾ ਜਾਂਦਾ ਹੈ। ਜੇ ਉਹ ਬੇਕਸੂਰ ਮੰਨਦਾ ਹੈ, ਤਾਂ ਮੁਕਦਮੇ ਲਈ ਇੱਕ ਤਾਰੀਖ਼ ਤੈਅ ਕੀਤੀ ਜਾਏਗੀ, ਜਦੋਂ ਕੇਸ ਵਿਚ ਸਬੂਤ ਦੀ ਸੁਣਵਾਈ ਹੋਏਗੀ। ਇਹ ਤਾਰੀਖ਼ ਕਈ ਹਫ਼ਤੇ ਅੱਗੇ ਦੀ ਹੋ ਸਕਦੀ ਹੈ। ਦੋਸ਼ੀ ਮੁਕਦਮੇ ਦੀ ਕਾਰਵਾਈ ਵਿਚ ਕਿਸੇ ਵੀ ਪੜਾਅ 'ਤੇ ਲਾਏ ਗਏ ਇਲਜ਼ਾਮਾਂ ਨੂੰ ਕਬੂਲ ਕਰ ਸਕਦਾ ਹੈ।

ਜਿਥੇ ਦੋਸ਼ੀ ਕਸੂਰਵਾਰ ਨਹੀਂ ਮੰਨਦਾ, ਸਮਰੀ ਕੇਸਾਂ ਵਿਚ ਸੁਣਵਾਈ, ਜਿਸਨੂੰ ਸਾਲਸੀ ਵਾਲੀ ਸੁਣਵਾਈ ਕਿਹਾ ਜਾਂਦਾ ਹੈ, ਮੁਕਦਮੇ ਤੋਂ ਕਈ ਹਫ਼ਤੇ ਪਹਿਲਾਂ ਤੈਅ ਹੁੰਦੀ ਹੈ। ਇਸ ਨਾਲ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਦਿੱਤੀ ਗਈ ਤਾਰੀਖ਼ 'ਤੇ ਮੁਕਦਮਾ ਸ਼ੁਰੂ ਹੋਣ ਵਾਲਾ ਹੈ। ਜੇ ਕਿਸੇ ਵੀ ਕਾਰਣ ਕਰਕੇ ਮਿਥੇ ਸਮੇਂ ਅਨੁਸਾਰ ਮੁਕਦਮਾ ਸ਼ੁਰੂ ਨਹੀਂ ਹੋ ਸਕਦਾ, ਤਾਂ ਇਸ ਪੜਾਅ 'ਤੇ ਇੱਕ ਨਵੀਂ ਤਾਰੀਫ਼ ਤੈਅ ਕੀਤੀ ਜਾ ਸਕਦੀ ਹੈ।

### ਮੁਕਦਮਾ

ਮੁਕਦਮੇ ਸਮੇਂ, ਜਿਸ ਵਿਚ ਦੋਸ਼ੀ ਹਾਲੀਂ ਵੀ ਜੁਰਮ ਲਈ ਬੇਕਸੂਰ ਮੰਨਦਾ ਹੈ, ਸਰਕਾਰੀ ਵਕੀਲ ਅਤੇ ਦੋਸ਼ੀ, ਗੁਆਹੀ ਦੇਣ ਲਈ ਗਵਾਹਾਂ ਨੂੰ ਬੁਲਾ ਸਕਦੇ ਹਨ। ਕਦੀ-ਕਦੀ ਇਹ ਸੁਣਵਾਈ, ਨਿਸ਼ਚਿਤ ਦਿਨ ਤੋਂ ਅੱਗੇ ਨਹੀਂ ਜਾ ਸਕਦੀ। ਇੰਜ ਕਈ ਕਾਰਣਾਂ ਕਰਕੇ ਹੋ ਸਕਦਾ ਹੈ, ਜਿਹਨਾਂ 'ਚੋਂ ਕਈ ਅਦਾਲਤ ਦੇ ਕਾਬੂ ਤੋਂ ਬਾਹਰ ਹਨ, ਉਦਾਹਰਣ ਲਈ ਜਦੋਂ ਇਕ ਗਵਾਹ ਜਾਂ ਦੋਸ਼ੀ ਵਿਅਕਤੀ ਬਿਮਾਰ ਪੈ ਜਾਂਦਾ ਹੈ।

ਸਰਕਾਰੀ ਵਕੀਲ ਅਤੇ ਬਚਾਅ ਪੱਖ, ਦੋਵਾਂ ਵਲੋਂ ਦਿੱਤੇ ਗਏ ਸਾਰੇ ਸਬੂਤਾਂ ਮਗਰੋਂ, ਦੋਸ਼ੀ ਦੇ ਮੁਜਰਮ ਹੋਣ ਬਾਰੇ ਇੱਕ ਫ਼ੈਸਲਾ ਲਿਆ ਜਾਂਦਾ ਹੈ। ਜਿਊਰੀ ਵਾਲੀ ਇੱਕ ਸੁਣਵਾਈ ਵਿਚ, ਜਿਸ ਵਿਚ 15 ਲੋਕ ਗੁਆਹੀ ਸੁਣਦੇ ਹਨ, ਜਿਊਰੀ ਇਹ ਫ਼ੈਸਲਾ ਲੈਂਦੀ ਹੈ। ਹਾਈ ਕੋਰਟ ਦੇ ਕੇਸਾਂ ਵਿਚ ਅਤੇ ਸ਼ੈਰਿਫ਼ ਅਦਾਲਤ ਵਿਚ ਸੋਲਮਨ ਕੇਸਾਂ ਵਿਚ ਹੁੰਦਾ ਹੈ। ਦੂਜੀਆਂ ਸਾਰੀਆਂ ਸੁਣਵਾਈਆਂ ਵਿਚ, ਸ਼ੈਰਿਫ਼ ਜਾਂ ਜਸਟਿਸ ਆੱਫ਼ ਦਿ ਪੀਸ ਪੇਸ਼ ਕੀਤੇ ਗਏ ਸਬੂਤ ਦੇ ਅਧਾਰ 'ਤੇ ਉਹ ਫ਼ੈਸਲਾ ਕਰਦੇ ਹਨ।

### ਸਜ਼ਾ

ਜੇ ਦੋਸ਼ੀ ਨੇ ਮੁਜਰਮ ਹੋਣ ਬਾਰੇ ਅਪੀਲ ਕੀਤੀ ਹੈ ਜਾਂ ਸੁਣਵਾਈ ਮਗਰੋਂ ਉਸਨੂੰ ਦੋਸ਼ੀ ਮੰਨਿਆ ਜਾਂਦਾ ਹੈ, ਤਾਂ ਅਦਾਲਤ, ਸਜ਼ਾ ਦੇ ਸੁਆਲ ਬਾਰੇ ਵਿਚਾਰ ਕਰੇਗੀ। ਇੰਜ ਹੋ ਸਕਦਾ ਹੈ, ਉਸੇ ਦਿਨ ਨਾ ਹੋਵੇ। ਇਹ ਕੇਸ, ਉਦਾਹਰਣ ਲਈ ਕਈ ਕਾਰਣਾਂ ਕਰਕੇ ਕਈ ਹਫ਼ਤਿਆਂ ਤੱਕ ਜਾਰੀ ਰਹਿ ਸਕਦਾ ਹੈ, ਤਾਂ ਕਿ ਅਦਾਲਤ, ਪਿਛਲੀਆਂ ਰਿਪੋਰਟਾਂ ਲਈ ਕਹਿ ਸਕਦੀ ਹੈ। ਇਹ ਰਿਪੋਰਟਾਂ, ਦੋਸ਼ੀ ਬਾਰੇ ਹੋਰ ਜਾਣਕਾਰੀ ਮੁਹਈਆ ਕਰਨਗੀਆਂ, ਜੋ ਕੇਸ ਨਾਲ ਨਜਿੱਠਣ ਦੇ ਸਭ ਤੋਂ ਉਚਿਤ ਤਰੀਕੇ ਬਾਰੇ ਫ਼ੈਸਲਾ ਕਰਨ ਵਿਚ ਮਦਦ ਦਏਗੀ। ਜਦੋਂ ਇੱਕ ਕੇਸ ਜਾਰੀ ਰਹਿੰਦਾ ਹੈ, ਤਾਂ ਅਦਾਲਤ ਫ਼ੈਸਲਾ ਕਰੇਗੀ ਕਿ ਕੀ ਦੋਸ਼ੀ ਨੂੰ ਹਿਰਾਸਤ ਵਿਚ ਰਖਿਆ ਜਾਏ, ਜ਼ਮਾਨਤ 'ਤੇ ਰਿਹਾ ਕੀਤਾ ਜਾਏ ਜਾਂ ਬਿਨਾ ਕਿਸੇ ਸ਼ਰਤ ਦੇ ਅਜ਼ਾਦ ਰਹਿਣ ਦਿੱਤਾ ਜਾਏ।
ਅਦਾਲਤ ਵਲੋਂ ਕਈ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਇਹਨਾਂ ਵਿਚ ਜੇਲ੍ਹ ਭੇਜਣ ਦੀ ਸਜ਼ਾ, ਜੁਰਮਾਨਾ ਲਾਏ ਜਾਣ ਜਾਂ ਭਾਈਚਾਰੇ ਦੀ ਪੇਬੈਕ ਆਦੇਸ਼ ਦਾ ਮੁੱਦਾ, ਅਜ਼ਾਦੀ ਦੇ ਆਦੇਸ਼ ਦੀ ਇੱਕ ਪਾਬੰਦੀ ਜਾਂ ਦਵਾਈ ਨਾਲ ਇਲਾਜ ਅਤੇ ਟੈਸਟਿੰਗ ਆਦੇਸ਼ ਸ਼ਾਮਿਲ ਹੋ ਸਕਦਾ ਹੈ।

### ਫ਼ੌਜਦਾਰੀ ਅਪੀਲਾਂ

ਸਾਰੇ ਫ਼ੌਜਦਾਰੀ ਕੇਸਾਂ ਵਿਚ, ਜੇ ਦੋਸ਼ੀ ਮਹਿਸੂਸ ਕਰਦਾ ਹੈ ਕਿ ਸੁਣਵਾਈ ਦਾ ਹਿੱਸਾ, ਪੱਖਪਾਤ ਵਾਲਾ ਸੀ ਜਾਂ ਕਿ ਸਜ਼ਾ ਬਹੁਤ ਜ਼ਿਆਦਾ ਸਖ਼ਤ ਸੀ, ਤਾਂ ਉਹ ਜੁਡੀਸ਼ੀਅਰੀ ਦੀ ਹਾਈ ਕੋਰਟ ਲਈ ਅਪੀਲ ਕਰ ਸਕਦਾ/ਸਕਦੀ ਹੈ। ਸਰਕਾਰੀ ਵਕੀਲ ਵੀ ਅਪੀਲ ਕਰ ਸਕਦਾ ਹੈ, ਜੇ ਉਹਨਾਂ ਨੂੰ ਲਗਦਾ ਹੈ ਕਿ ਸਜ਼ਾ ਬਹੁਤ ਘੱਟ ਹੈ। ਸਮੇਂ ਦੀਆਂ ਅਜਿਹੀਆਂ ਸੀਮਾਵਾਂ ਵੀ ਹਨ, ਜੋ ਲਾਗੂ ਹੁੰਦੀਆਂ ਹਨ। ਇਸ ਤੋਂ ਪਹਿਲਾਂ ਕਿ ਅਪੀਲ ਦੀ ਸੁਣਵਾਈ ਕੀਤੀ ਜਾ ਸਕੇ, ਸਮਾਂ ਲਗ ਸਕਦਾ ਹੈ ਅਤੇ ਦੋਸ਼ੀ ਨੂੰ ਅਪੀਲ ਦੀ ਸੁਣਵਾਈ ਹੋਣ ਤਕ ਜ਼ਮਾਨਤ 'ਤੇ ਰਿਹਾ ਕੀਤਾ ਜਾ ਸਕਦਾ ਹੈ ਜਾਂ ਜਦ ਤੱਕ ਕਿ ਅਪੀਲ ਦੀ ਸੁਣਵਾਈ ਕੀਤੀ ਜਾ ਰਹੀ ਹੈ, ਹਿਰਾਸਤ ਵਿਚ ਰਹਿ ਸਕਦਾ/ਸਕਦੀ ਹੈ। ਇਹ ਗੱਲ, ਅਪੀਲ ਕੋਰਟ ਦੇ ਨਿਰਭਰ ਕਰਦੀ ਹੈ।

ਲਾਹੇਵੰਦਰ ਸੰਪਰਕ:

Finding a legal aid solicitor (ਕਾਨੂੰਨੀ ਸਹਾਇਤਾ ਵਾਲਾ ਵਕੀਲ ਲੱਭਣਾ)
Crown Office and Procurator Fiscal Service (ਕ੍ਰਾਉਨ ਆੱਫ਼ਿਸ ਅਤੇ ਸਰਕਾਰੀ ਵਕੀਲ ਸੇਵਾ)
Scottish Legal Aid Board (ਸਕੌਟਿਸ਼ ਕਾਨੂੰਨੀ ਸਹਾਇਤਾ ਬੋਰਡ)
Scottish Prison Service (ਸਕੌਟਿਸ਼ ਜੇਲ੍ਹ ਸੇਵਾ)

# ਦਿਵਾਨੀ ਅਦਾਲਤ ਵਿਚ ਪੇਸ਼ ਹੋਣਾ

ਦਿਵਾਨੀ ਅਦਾਲਤਾਂ ਧਿਰਾਂ ਵਿਚਕਾਰ ਵਿਵਾਦਾਂ ਨੂੰ ਹੱਲ ਕਰਨ ਵਿਚ ਮਦਦ ਕਰਦੀਆਂ ਹਨ। ਇਹ ਧਿਰਾਂ, ਵਿਅਕਤੀ, ਕੰਪਨੀਆਂ ਜਾਂ ਜਥੇਬੰਦੀਆਂ ਹੋ ਸਕਦੀਆਂ ਹਨ। ਕੇਸ ਵੀ, ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਵਿਅਕਤੀਗਤ ਕਰਜ਼ੇ ਦੀ ਉਗਰਾਹੀ, ਤਲਾਕ ਦੀਆਂ ਕਾਰਵਾਈਆਂ ਅਤੇ ਬੱਚਿਆਂ ਨਾਲ ਸੰਪਰਕ ਸਬੰਧੀ ਕਾਰਵਾਈਆਂ ਨਾਲ ਸਬੰਧਿਤ ਹੋ ਸਕਦੇ ਹਨ।

### ਕੇਸ ਦੀ ਸੁਣਵਾਈ ਕਿਥੇ ਹੋਏਗੀ?

ਦਿਵਾਨੀ ਕਾਰਵਾਈਆਂ, ਸ਼ੈਰਿਫ਼ ਅਦਾਲਤ ਜਾਂ ਕੋਰਟ ਆੱਫ਼ ਸੈਸ਼ਨ ਵਿਚ ਚੁਕੀਆਂ ਜਾ ਸਕਦੀਆਂ ਹਨ। ਕੋਰਟ ਆੱਫ਼ ਸੈਸ਼ਨ, ਸਕਾੱਟਲੈਂਡ ਦੀ ਸੁਪਰੀਮ ਸਿਵਿਲ ਕੋਰਟ ਹੈ, ਜੋ ਐਡਿਨਬਰਾ ਵਿਚ ਪਾਰਲੀਮੈਂਟ ਹਾਊਸ ਵਿਚ ਲੱਗਦੀ ਹੈ। ਕੋਰਟ ਆੱਫ਼ ਸੈਸ਼ਨ, ਕੁਝ ਦਿਵਾਨੀ ਮਾਮਲਿਆਂ ਵਿਚ ਅਪੀਲਾਂ ਨਾਲ ਵੀ ਨਜਿੱਠਦੀ ਹੈ।
*ਕੋਰਟ ਆੱਫ਼ ਸੈਸ਼ਨ ਬਾਰੇ ਹੋਰ ਜਾਣਕਾਰੀ ਲਈ www.scotcourts.gov.uk/session/index.asp ਵੇਖੋ।*

### ਦਿਵਾਨੀ ਕੇਸ ਦੀਆਂ ਕਿਸਮਾਂ

ਸ਼ੈਰਿਫ਼ ਕੋਰਟ ਵਿਚ ਚਾਰ ਤਰ੍ਹਾਂ ਦੇ ਦਿਵਾਨੀ ਕੇਸਾਂ ਨਾਲ ਨਜਿੱਠਿਆ ਜਾ ਸਕਦਾ ਹੈ:

- ਛੋਟੇ ਦਾਅਵਿਆਂ ਵਾਲੀਆਂ ਕਾਰਵਾਈਆਂ;
- ਸਮਰੀ ਕਾਰਣ ਵਾਲੀਆਂ ਕਾਰਵਾਈਆਂ;
- ਸਧਾਰਣ ਕਾਰਵਾਈਆਂ; ਅਤੇ
- ਛੋਟੀਆਂ-ਮੋਟੀਆਂ ਕਾਰਵਾਈਆਂ।

**ਛੋਟੇ ਦਾਅਵਿਆਂ ਵਾਲੀਆਂ ਕਾਰਵਾਈਆਂ** – £3000 ਤੱਕ ਅਤੇ ਸਮੇਤ ਕੁਲ ਰਕਮ ਦੇ ਭੁਗਤਾਨ ਲਈ ਕਾਰਵਾਈਆਂ, ਕਿਸੇ ਹੋਰ ਵਲੋਂ ਜ਼ਿੰਮੇਵਾਰੀ ਲੈਣ ਜਾਂ ਇੱਕ ਡਿਊਟੀ (ਜਿਵੇਂ ਕਿ ਇੱਕ ਇਕਰਾਰਨਾਮੇ ਦੀ ਕਾਰਗੁਜ਼ਾਰੀ) ਕਰਨ, ਜਿਸ ਵਿਚ ਮਾਲੀ ਮੁੱਲ £3000 ਤੋਂ ਘੱਟ ਦਾ ਹੈ, ਲਈ ਲੋੜੀਂਦੇ ਇੱਕ ਆਦੇਸ਼ ਲਈ ਕਾਰਵਾਈਆਂ।

**ਸਮਰੀ ਕਾਰਣ ਵਾਲੀਆਂ ਕਾਰਵਾਈ** - £3000 ਅਤੇ £5000 ਵਿਚ ਦੇ ਮਾਲੀ ਮੁੱਲ ਵਾਲੀਆਂ ਕਾਰਵਾਈਆਂ, ਜਾਂ ਇੱਕ ਮਦ ਦੀ ਡਿਲੀਵਰੀ ਚਾਹੁਣਾ।

**ਸਧਾਰਣ ਕਾਰਵਾਈ - ਸਧਾਰਣ ਕਾਰਣ ਸਬੰਧੀ ਅਮਲ** ਦੀ ਵਰਤੋਂ ਨਾਲ £5000 ਤੋਂ ਵੱਧ ਦੇ ਮਾਲੀ ਮੁੱਲ ਵਾਲੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ। ਹੋਰ ਉਦਾਹਰਣ ਹਨ, ਤਲਾਕ ਲਈ ਕਾਰਵਾਈਆਂ ਅਤੇ ਬੱਚਿਆ ਨਾਲ ਸੰਪਰਕ ਸਬੰਧੀ ਕਾਰਵਾਈਆਂ ਹਨ।

**ਛੋਟੀਆਂ-ਮੋਟੀਆਂ ਕਾਰਵਾਈਆਂ** – ਕਾਨੂੰਨ ਵਿਚਲੇ ਪ੍ਰਬੰਧਾਂ ਦੇ ਨਤੀਜੇ ਵਜੋਂ ਕੀਤੀਆਂ ਗਈਆਂ ਕਾਰਵਾਈਆਂ, ਮਿਸਾਲ ਵਜੋਂ, ਇਕ ਕੰਪਨੀ ਦੇ ਦਿਵਾਲੀਏਪਨ ਜਾਂ ਇਸਦੇ ਖ਼ਤਮ ਹੋਣ ਨਾਲ ਸਬੰਧਿਤ, ਬੱਚਿਆਂ ਜਾਂ ਅਸਮਰੱਥ ਬਾਲਗ ਦੀ ਰਾਖੀ। ਅਦਾਲਤਾਂ, ਬੱਚਿਆ ਨੂੰ ਗੋਦ ਲੈਣ ਵਾਲੀਆਂ ਅਰਜ਼ੀਆਂ 'ਤੇ ਵੀ ਵਿਚਾਰ ਕਰਦੀਆਂ ਹਨ।

### ਦਿਵਾਨੀ ਅਮਲ

ਦਿਵਾਨੀ ਕਾਰਵਾਈ, ਜਿਸ ਤਰ੍ਹਾਂ ਦੀ ਵੀ ਕੀਤੀ ਜਾਂਦੀ ਹੈ, ਇਹ ਸੰਭਵ ਹੈ ਕਿ ਸੁਣਵਾਈਆਂ, ਇੱਕ ਸਬੂਤ ਲਈ ਇੱਕ ਤਾਰੀਖ਼ ਨਿਸ਼ਚਿਤ ਕੀਤੇ ਜਾਣ ਤੋਂ ਪਹਿਲਾਂ ਹੋਣਗੀਆਂ। ਇਹ ਸੁਣਵਾਈਆਂ, ਵਿਵਾਦ ਵਿਚ ਮੁੱਦਿਆਂ ਨੂੰ ਸਪਸ਼ਟ ਕਰਨ ਵਿਚ ਮਦਦ ਦੇਣਗੀਆਂ। ਸਬੂਤ ਲਈ ਸੁਣਵਾਈ ਹੋਏਗੀ, ਜਦੋਂ ਸ਼ੈਰਿਫ਼ ਉਸ ਕੇਸ ਵਿਚ ਗੁਆਹੀ ਨੂੰ ਸੁਣੇਗਾ ਅਤੇ ਇੱਕ ਸਧਾਰਣ ਕਾਰਵਾਈ ਦੇ ਕੇਸ ਵਿਚ ਇੱਕ ਲਿਖ਼ਤੀ ਫ਼ੈਸਲਾ ਦਿੱਤਾ ਜਾਏਗਾ। ਜਿਥੇ ਕਾਰਵਾਈਆਂ, ਸਮਰੀ ਕਾਰਣ ਜਾਂ ਛੋਟੇ ਦਾਅਵਿਆਂ ਵਾਲੀਆਂ ਹਨ, ਤਾਂ ਸ਼ੈਰਿਫ਼, ਸਬੂਤ ਵਾਲੀ ਸੁਣਵਾਈ ਦੇ ਅੰਤ 'ਤੇ ਬੈਂਚ ਤੋਂ ਹੀ ਆਪਣਾ ਫ਼ੈਸਲਾ ਜ਼ਬਾਨੀ ਤੌਰ 'ਤੇ ਦੇ ਸਕਦਾ/ਸਕਦੀ ਹੈ।

ਇਸ ਕੇਸ ਨੂੰ ਕਰਨ ਲਈ, ਇੱਕ ਵਿਅਕਤੀ ਵਲੋਂ ਸਾੱਲੀਸਿਟਰ ਦੀ ਵਰਤੋਂ ਕਰਨ ਦੀ ਕੋਈ ਕਾਨੂੰਨੀ ਜ਼ਰੂਰਤ ਨਹੀਂ ਹੈ, ਹਾਲਾਂਕਿ ਅਤਿ ਸਧਾਰਣ ਕਾਰਵਾਈਆਂ ਵਿਚ ਕਾਨੂੰਨੀ ਮੁੱਦੇ ਵਧੇਰੇ ਜਟਿਲ ਹੋ ਸਕਦੇ ਹਨ।

ਸ਼ੈਰਿਫ਼ ਅਦਾਲਤ ਵਿਚ ਇੱਕ ਸਧਾਰਣ ਕਾਰਵਾਈ, ਸ਼ੈਰਿਫ਼ ਕਲਰਕ ਨਾਲ ਇੱਕ ਰਿੱਟ (ਰਸਮੀ ਤੌਰ 'ਤੇ ਲਿਖ਼ਤੀ ਇੱਕ ਅਰਜ਼ੀ) ਦਾਖ਼ਲ ਕਰਨ ਨਾਲ ਸ਼ੁਰੂ ਹੁੰਦੀ ਹੈ। ਸ਼ੈਰਿਫ਼ ਕਲਰਕ, ਇਸ ਰਿੱਟ 'ਤੇ ਮੁੱਦਾਲਾ (ਅਰਥਾਤ ਵਿਰੋਧੀ ਧਿਰ) ਨੂੰ ਇੱਕ ਵਾਰੰਟ ਜਾਰੀ ਕਰੇਗਾ ਅਤੇ ਉਸ ਕੋਲ ਇੱਕ ਕਾਰਵਾਈ ਵਿਚ ਬਚਾਅ ਕਰਨ ਦੀ ਇੱਛਾ ਦੱਸਣ ਵਾਲਾ ਇੱਕ ਨੋਟਿਸ ਦੇਣ ਲਈ 21 ਦਿਨਾਂ ਦਾ ਵਕਫ਼ਾ ਹੋਏਗਾ। ਜੇ ਸ਼ੈਰਿਫ਼ ਕਲਰਕ ਨੂੰ ਇਹ ਨੋਟਿਸ ਮਿਲਦਾ ਹੈ, ਤਾਂ ਉਹ, ਇਸ ਅਮਲ ਵਿਚ ਵੱਖ-ਵੱਖ ਕਾਰਵਾਈਆਂ ਲਈ ਤਾਰੀਖ਼ਾਂ ਨਿਸ਼ਚਿਤ ਕਰਨਗੇ ਅਤੇ ਸਬੂਤ ਲਈ ਸੁਣਵਾਈ ਨਿਸ਼ਚਿਤ ਕੀਤੇ ਜਾਣ ਤੋਂ ਪਹਿਲਾਂ ਕਈ ਸੁਣਵਾਈਆਂ ਹੋ ਸਕਦੀਆਂ ਹਨ। ਜੇ ਕੇਸ ਵਿਚ ਬਚਾਅ ਨਹੀਂ ਕੀਤਾ ਜਾਂਦਾ, ਤਾਂ ਖ਼ਰਚਿਆਂ ਨੂੰ ਦੇਣ ਦੇ ਆਦੇਸ਼ ਦੇ ਨਾਲ ਹੀ ਉਹ ਆਦੇਸ਼ ਵੀ ਦਿੱਤਾ ਜਾ ਸਕਦਾ ਹੈ, ਜਿਸ ਲਈ ਅਰਜ਼ੀ ਦੇਣ ਵਾਲੇ ਨੇ ਅਰਜ਼ੀ ਦਿਤੀ ਸੀ।

ਛੋਟੇ ਦਾਅਵਿਆਂ ਅਤੇ ਸਮਰੀ ਕਾਰਨ ਵਾਲੀਆਂ ਕਾਰਵਾਈਆਂ ਵਿਚ ਅਮਲ, ਜੋ ਕਾਫ਼ੀ ਹੱਦ ਤਕ ਉਸੇ ਤਰ੍ਹਾਂ ਦਾ ਹੀ ਹੈ, ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਅਰਜ਼ੀ ਦੇਣ ਵਾਲੇ (ਅਰਥਾਤ ਦਾਅਵਾ ਕਰਨ ਵਾਲੇ ਵਿਅਕਤੀ) ਵਲੋਂ ਅਰਜ਼ੀ ਫ਼ਾਰਮ ਭਰਿਆ ਜਾਂਦਾ ਹੈ। ਤਲਬ ਕਰਨ ਲਈ ਵਾਰੰਟ ਸ਼ੈਰਿਫ਼ ਕਲਰਕ ਵਲੋਂ ਦਿੱਤਾ ਜਾਂਦਾ ਹੈ, ਪਰ ਛੋਟੇ ਦਾਅਵਿਆਂ ਵਾਲੀ ਕਾਰਵਾਈ ਵਿਚ, ਸ਼ੈਰਿਫ਼ ਕਲਰਕ, ਮੁਦਾਲਾ ਬਾਰੇ ਕਾਗਜ਼ ਵੀ ਭੇਜੇਗਾ, ਬਸ਼ਰਤੇ ਕਿ ਅਰਜ਼ੀ ਦੇਣ ਵਾਲਾ ਇੱਕ ਵਿਅਕਤੀ ਹੈ ਅਤੇ ਇਕ ਕੰਪਨੀ ਜਾਂ ਭਾਈਵਾਲੀ ਨਹੀਂ ਹੈ। ਇੱਕ ਵਾਰੀ ਫਿਰ ਮੁਦਾਲਾ ਨੂੰ ਇਹ ਦੱਸਣ ਦੀ ਲੋੜ ਹੈ ਕਿ ਕੀ ਉਹ ਕਾਰਵਾਈ ਵਿਚ ਬਚਾਅ ਕਰਨਾ ਚਾਹੁੰਦੇ ਹਨ ਜਾਂ ਨਹੀਂ ਅਤੇ ਜੇ ਨਹੀਂ, ਤਾਂ ਮੁਦਾਲਾ ਵਿਰੁਧ ਉਹ ਫ਼ੈਸਲਾ ਦਿੱਤਾ ਜਾ ਸਕਦਾ ਹੈ, ਜਿਸਨੂੰ ਅਰਜ਼ੀ ਦੇਣ ਵਾਲਾ ਚਾਹ ਰਿਹਾ ਹੁੰਦਾ ਹੈ।

ਛੋਟੀਆਂ-ਮੋਟੀਆਂ ਜ਼ਿਆਦਾਤਰ ਕਾਰਵਾਈਆਂ, ਸਮਰੀ ਅਰਜ਼ੀ ਦਾਖ਼ਲ ਕੀਤੇ ਜਾਣ ਨਾਲ ਸ਼ੁਰੂ ਹੁੰਦੀਆਂ ਹਨ। ਸ਼ੈਰਿਫ਼ ਕਲਰਕ, ਮੁਦਾਲਾ ਨੂੰ ਵਾਰੰਟ ਦਏਗਾ ਅਤੇ ਅਦਾਲਤ ਵਿਚ ਬੁਲਾਏ ਜਾਣ ਲਈ ਇੱਕ ਤਾਰੀਖ਼ ਨਿਸ਼ਚਿਤ ਕੀਤੀ ਜਾਂਦੀ ਹੈ। ਅੰਤਰਿਮ ਵਿਚ, ਮੁਦਾਲਾ ਨੂੰ ਉਹਨਾਂ ਵਿਰੁਧ ਦਾਅਵੇ ਲਈ ਜਵਾਬ ਦੇਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਜਿਵੇਂ ਕਿ ਸਧਾਰਣ ਕਾਰਵਾਈਆਂ ਵਿਚ ਹੁੰਦਾ ਹੈ, ਜੇ ਕੋਈ ਜਵਾਬ ਨਹੀਂ ਮਿਲਦਾ, ਤਾਂ ਅਦਾਲਤ ਵਲੋਂ, ਖ਼ਰਚਿਆਂ ਨੂੰ ਦੇਣ ਦੇ ਆਦੇਸ਼ ਦੇ ਨਾਲ-ਨਾਲ ਹੀ ਮੰਗੇ ਗਏ ਆਦੇਸ਼ ਨੂੰ ਦਿੱਤੇ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੈ।

**ਸਿਵਿਲ ਫ਼ਰਮਾਨ**

ਕਿਸੇ ਵੀ ਕੇਸ ਵਿਚ ਜਦੋਂ ਇੱਕ ਅੰਤਮ ਆਦੇਸ਼ ਦਿੱਤਾ ਜਾਂਦਾ ਹੈ, ਤਾਂ ਕੋਰਟ, ਇਕ ਸਿੱਟੇ ਵਾਲਾ ਫ਼ਰਮਾਨ ਜਾਰੀ ਕਰੇਗੀ। ਇਹ ਅਦਾਲਤ ਵਲੋਂ, ਦਿੱਤੇ ਗਏ ਆਦੇਸ਼ ਦੀ ਇੱਕ ਰਸਮੀ ਨਕਲ ਹੈ, ਜਿਸਨੂੰ ਜਿੱਤਣ ਵਾਲੀ ਧਿਰ ਨੂੰ ਜਾਰੀ ਕੀਤਾ ਜਾਏਗਾ ਅਤੇ ਜਿਸਨੂੰ, ਆਦੇਸ਼ ਨੂੰ ਅਮਲ ਵਿਚ ਲਿਆਉਣ ਲਈ ਵਰਤਿਆ ਜਾ ਸਕਦਾ ਹੈ। ਇਹ, ਉਦਾਹਰਣ ਲਈ, ਦਿੱਤੇ ਜਾਣ ਵਾਲੇ ਵਿਆਜ਼ ਨਾਲ ਕੁੱਲ ਰਕਮ ਦਾ ਭੁਗਤਾਨ ਕੀਤੇ ਜਾਣ ਲਈ ਆਦੇਸ਼ ਹੋ ਸਕਦਾ ਹੈ, ਵਿਹਾਰ ਦੇ ਕਿਸੇ ਤਰੀਕੇ ਦੀ ਮਨਾਹੀ ਵਾਲਾ ਇੱਕ ਆਦੇਸ਼ ਜਾਂ ਬੱਚਿਆਂ ਦੀ ਦੇਖਭਾਲ ਨਾਲ ਸਬੰਧਿਤ ਇੱਕ ਆਦੇਸ਼ ਵੀ ਹੋ ਸਕਦਾ ਸੀ। ਅਦਾਲਤ ਦੇ ਆਦੇਸ਼ ਨੂੰ ਅਮਲ ਵਿਚ ਲਿਆਉਣ ਵਿਚ ਸ਼ੈਰਿਫ਼ ਅਫ਼ਸਰਾਂ ਨੂੰ ਹਿਦਾਇਤ ਦੇਣਾ ਸ਼ਾਮਿਲ ਹੋ ਸਕਦਾ ਹੈ।

**ਸਿਵਿਲ ਅਪੀਲਾਂ**

ਜਿਵੇਂ ਕਿ ਫ਼ੌਜਦਾਰੀ ਕਾਰਵਾਈਆਂ ਨਾਲ ਹੁੰਦਾ ਹੈ, ਇੱਕ ਸਿਵਿਲ ਕਾਰਵਾਈ ਵਿਚ ਹਾਰੀ ਹੋਈ ਧਿਰ ਕੋਲ, ਫ਼ੈਸਲੇ ਲਈ ਅਪੀਲ ਕਰਨ ਦਾ ਮੌਕਾ ਹੁੰਦਾ ਹੈ। ਅਦਾਲਤ ਦੇ ਆਦੇਸ਼ ਦੀ ਪ੍ਰਕਿਰਤੀ ਦੇ ਅਧਾਰ 'ਤੇ ਸ਼ੈਰਿਫ਼ਡੰਮ ਦੇ ਸ਼ੈਰਿਫ਼ ਪ੍ਰਿੰਸੀਪਲ ਕੋਲ ਇੱਕ ਅਪੀਲ ਕੀਤੀ ਜਾ ਸਕਦੀ ਹੈ, ਜਿਸ ਵਿਚ ਕੇਸ ਦੀ ਸੁਣਵਾਈ ਕੀਤੀ ਗਈ ਸੀ ਜਾਂ ਕੁਝ ਕੇਸਾਂ ਵਿਚ ਕੋਰਟ ਆੱਫ਼ ਸੈਸ਼ਨ ਵਿਚ ਕੀਤੀ ਜਾ ਸਕਦੀ ਹੈ। ਇਸ ਲਈ ਸਮਾਂ ਸੀਮਾਵਾਂ ਹਨ, ਜੋ ਲਾਗੂ ਹੁੰਦੀਆਂ ਹਨ।

ਕੁਝ ਹਾਲਤਾਂ ਵਿਚ, UK Supreme Court ਕੋਲ ਇਕ ਅਪੀਲ ਦਾਖ਼ਲ ਕਰਨਾ ਸੰਭਵ ਹੋ ਸਕਦਾ ਹੈ।

## ਅਦਾਲਤ ਆਉਣ ਬਾਰੇ ਸੇਧ

ਅਦਾਲਤ ਵਿਚ ਹਾਜ਼ਰ ਹੋਣ ਲਈ ਤਿਆਰ ਹੋਣ ਲਗਿਆਂ, ਹੇਠ ਲਿਖੀਆਂ ਗੱਲਾਂ ਨਾਲ ਮਦਦ ਮਿਲ ਸਕਦੀ ਹੈ।

## ਕਰੋ

- ਆਪਣੇ ਕੇਸ ਲਈ ਸਮੇਂ ਸਿਰ ਪਹੁੰਚਣਾ, ਤੁਹਾਨੂੰ ਇਮਾਰਤ ਵਿਚ ਦਾਖ਼ਲ ਹੋਣ ਲੱਗਿਆਂ ਮੈਟਲ ਡਿਟੈਕਟਰ/ਸੁਰਖਿਆ ਰਾਹੀਂ ਲੰਘਣ ਦੀ ਲੋੜ ਪੈ ਸਕਦੀ ਹੈ।

- ਅਜਿਹੇ ਕਪੜੇ ਪਾਉਣਾ, ਜੋ ਅਦਾਲਤ ਵਿਚ ਕੀਤੇ ਜਾ ਰਹੇ ਕੰਮ ਦੀ ਗੰਭੀਰ ਪ੍ਰਕਿਰਤੀ ਦੇ ਅਨੁਕੂਲ ਹੋਣ।

- ਅਦਾਲਤ ਦੇ ਅਧਿਕਾਰੀਆਂ ਵਲੋਂ ਤੁਹਾਨੂੰ ਦਿੱਤੀ ਗਈ ਕਿਸੇ ਸੇਧ ਜਾਂ ਹਿਦਾਇਤਾਂ ਦੀ ਧਿਆਨ ਨਾਲ ਪਾਲਣਾ ਕਰੋ

- ਜੱਜ/ਸ਼ੈਰਿਫ਼, ਅਦਾਲਤ ਵਿਚ ਜਾਣ ਵਾਲੇ ਹੋਰਨਾਂ ਅਤੇ ਅਦਾਲਤ ਦੇ ਅਫ਼ਸਰਾਂ ਲਈ ਹਲੀਮੀ ਅਤੇ ਸਤਿਕਾਰ ਵਾਲੇ ਰਹੋ।

- ਅਦਾਲਤ ਦੇ ਕਮਰੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਮੋਬਾਈਲ ਫ਼ੋਨ ਨੂੰ ਬੰਦ ਕਰੋ ਅਤੇ ਇਸਨੂੰ ਪੂਰੀ ਕਾਰਵਾਈ ਦੌਰਾਨ ਬੰਦ ਰੱਖੋ।

## ਨਾ ਕਰੋ

- ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਅਦਾਲਤ ਵਿਚ ਹਾਜ਼ਰ ਹੋਣਾ।
- ਅਦਾਲਤ ਦੇ ਕਮਰੇ ਵਿਚ ਆੱਡੀਓ ਜਾਂ ਵੀਡੀਓ ਰਿਕਾੱਰਡਿੰਗਾਂ ਕਰਨਾ ਜਾਂ ਫ਼ੋਟੋ ਲੈਣਾ, ਜਦ ਤਕ ਕਿ ਤੁਹਾਨੂੰ ਅਦਾਲਤ ਵਿਚ ਇੰਜ ਕਰਨ ਦੀ ਅਥਾੱਰਿਟੀ ਨਹੀਂ ਹੈ।
- ਅਦਾਲਤ ਵਿਚ ਖਾਣਾ ਜਾ ਪੀਣਾ।
- ਅਦਾਲਤ ਦੀ ਇਮਾਰਤ ਵਿਚ ਸੇਧ ਵਾਲੇ ਜਾਂ ਸੁਣਨ ਵਾਲੇ ਕੁੱਤਿਆਂ ਤੋਂ ਇਲਾਵਾ ਕੁੱਤੇ ਜਾਂ ਕਿਸੇ ਹੋਰ ਪਾਲਤੂ ਜਾਨਵਰਾਂ ਨੂੰ ਲਿਆਉਣਾ।

ਅਦਾਲਤ ਵਿਚ ਆਉਣ ਵਾਲਿਆਂ ਨੂੰ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ (ਗੋਦ ਵਿਚਲੇ ਛੋਟੇ ਬੱਚਿਆਂ ਤੋਂ ਇਲਾਵਾ) ਨੂੰ ਅਦਾਲਤ ਦੇ ਕਮਰੇ ਵਿਚ ਆਉਣ ਦੀ ਆਗਿਆ ਨਹੀਂ ਹੈ, ਜਦ ਤੱਕ ਕਿ ਉਹ ਗਵਾਹੀ ਨਾ ਦੇ ਰਹੇ ਹੋਣ ਜਾਂ ਉਹਨਾਂ ਨੂੰ ਵਿਦਿਅਕ ਉਦੇਸ਼ਾਂ ਨੂੰ ਪੂਰਾ ਕਰਨ ਲਈ, ਹਾਜ਼ਰ ਹੋਣ ਵਾਸਤੇ ਅਦਾਲਤ ਤੋਂ ਪਹਿਲਾਂ ਪ੍ਰਵਾਨਗੀ ਨਾ ਮਿਲੀ ਹੋਵੇ। ਸਕਾੱਟਿਸ਼ ਕੋਰਟ ਸਰਵਿਸ, ਬਾਲ-ਸੰਭਾਲ ਸਹੂਲਤਾਂ ਮੁਹਈਆ ਨਹੀਂ ਕਰਦੀ।

ਜੇ ਅਦਾਲਤ, ਤੁਹਾਡੇ ਵਿਹਾਰ ਨੂੰ ਅਣਉਚਿਤ ਜਾਂ ਬੇਅਦਬੀ ਵਾਲਾ ਸਮਝਦੀ ਹੈ, ਤਾਂ ਤੁਹਾਡੇ ਵਿਰੁਧ ਮਾਨਹਾਨੀ ਦਾ ਦਾਅਵਾ ਕੀਤਾ ਜਾ ਸਕਦਾ ਹੈ। ਇਸਦੇ ਨਤੀਜੇ ਵਜੋਂ ਤੁਹਾਡੇ 'ਤੇ ਜੁਰਮਾਨਾ ਲਾਇਆ ਜਾ ਸਕਦਾ ਹੈ ਜਾਂ ਜੇਲ੍ਹ ਵਿਚ ਭੇਜਿਆ ਜਾ ਸਕਦਾ ਹੈ।

## ਹੋਰ ਜਾਣਕਾਰੀ

ਸਕਾੱਟਿਸ਼ ਕੋਰਟ ਸਰਵਿਸ ਉਮੀਦ ਕਰਦੀ ਹੈ ਕਿ ਇਸ ਲੀਫ਼ਲੈਟ ਨਾਲ ਤੁਹਾਨੂੰ ਸਕਾੱਟਲੈਂਡ ਵਿਚ ਅਦਾਲਤਾਂ ਦੀ ਕਾਰਵਾਈ ਦੀ ਇੱਕ ਝਾਤ ਦਿੰਦੀ ਹੈ, ਪਰ ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ ਆਪਣੇ ਸਥਾਨਕ ਸ਼ੈਰਿਫ਼ ਕੋਰਟ ਨਾਲ ਸੰਪਰਕ ਕਰਨ ਤੋਂ ਝਿਜਕੋ ਨਾ ਜਾਂ www.scotcourts.gov.uk 'ਤੇ ਜਾਓ।

ਹੋਰ ਪ੍ਰਕਾਸ਼ਨਾਵਾਂ, ਜੋ ਤੁਹਾਡੀ ਦਿਲਚਸਪੀ ਵਾਲੀਆਂ ਹੋ ਸਕਦੀਆਂ ਹਨ:

- Glossary of Legal Terms (ਕਾਨੂੰਨੀ ਸ਼ਬਦਾਂ ਦੀ ਪਰਿਭਾਸ਼ਕ ਸ਼ਬਦਾਵਲੀ)
- Court Users' Charter (ਅਦਾਲਤ ਦੀ ਵਰਤੋਂ ਕਰਨ ਵਾਲਿਆਂ ਦਾ ਚਾਰਟਰ)
- Feedback/Complaints (ਰਾਇ/ਵਿਚਾਰ/ਸ਼ਿਕਾਇਤਾਂ)

## ਲਾਹੇਵੰਦ ਵੈਬਸਾਈਟਾਂ

- Crown Office and Procurator Fiscal Service (ਕ੍ਰਾਉਨ ਆੱਫ਼ਿਸ ਅਤੇ ਸਰਕਾਰੀ ਵਕੀਲ ਸੇਵਾ)
- Finding your nearest legal aid solicitor (ਆਪਣਾ ਸਭ ਤੋਂ ਨਜ਼ਦੀਕੀ ਕਾਨੂੰਨੀ ਮਦਦ ਦਾ ਵਕੀਲ ਲੱਭਣਾ)
- Scottish Legal Aid Board (ਸਕਾੱਟਿਸ਼ ਕਾਨੂੰਨੀ ਸਹਾਇਤਾ ਬੋਰਡ)
- Judiciary of Scotland (ਜੁਡੀਸ਼ੀਅਰੀ ਆੱਫ਼ ਸਕਾੱਟਲੈਂਡ)
- Scottish Prison Service (ਸਕਾੱਟਿਸ਼ ਜੇਲ੍ਹ ਸੇਵਾ)
- Attending court as a witness (ਅਦਾਲਤ ਵਿਚ ਗੁਆਹ ਵਜੋਂ ਪੇਸ਼ ਹੋਣਾ)
- Attending court as a victim of crime(ਅਦਾਲਤ ਵਿਚ ਜੁਰਮ ਦੇ ਸ਼ਿਕਾਰ ਵਜੋਂ ਪੇਸ਼ ਹੋਣਾ)